ੴ

ਗੁਰਬਾਣੀ ਵਿਚਾਰੁ

90

ਸੰਗਤਿ

ਸਤਸੰਗਤਿ ਕੈਸੀ ਜਾਣੀਐ ॥

ਭਾਗ – ੧੩

‘ਖੋਜੀ’

ਸੰਗਤਿ

ਭਾਗ–13

'ਸੰਜੋਗ' ਦਾ ਉਲਟਾ ਪਖ **'ਵਿਜੋਗ'** ਹੈ ।

'ਸੰਜੋਗ' ਦੁਆਰਾ ਜੀਵਾਂ ਦਾ **'ਮੇਲ' ਅਥਵਾ 'ਸੰਗਤ' ਹੁੰਦੀ ਹੈ ।**

'ਵਿਜੋਗ' ਦੁਆਰਾ **'ਵਿਛੋੜਾ'** ਹੁੰਦਾ ਹੈ ।

ਸਾਰੀ ਕਾਇਨਾਤ 'ਸੰਜੋਗ' ਯਾ 'ਵਿਜੋਗ' ਵਿਚ ਵਿਚਰ ਰਹੀ ਹੈ ਅਤੇ ਇਹਨਾਂ ਦੇ ਅਸਰ ਹੇਠ ਜੀਵਨ ਢਾਲਦੀ ਅਤੇ ਨਤੀਜੇ ਭੋਗਦੀ ਹੈ ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ।। (ਪੰਨਾ–੬)

ਜੀਅ ਜੰਤ ਸਭਿ ਤੇਰਾ ਖੇਲੁ ।।
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ।। (ਪੰਨਾ–੧੧)

ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ।। (ਪੰਨਾ–੫੦੬)

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ।। (ਪੰਨਾ–੧੦੦੭)

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ।।
ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ।। (ਪੰਨਾ–੧੦੩੨)

ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ।। (ਪੰ.–੧੦੫੮)

ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਇਲਾਹੀ 'ਜੋਤ' ਰਵਿ ਰਹੀ ਹੈ — ਜਿਸ ਕਾਰਣ ਸਾਰੀ ਕਾਇਨਾਤ **ਅਕਾਲ ਪੁਰਖ ਦੀ 'ਅੰਸ਼' ਹੈ ।**

ਕਹੁ ਕਬੀਰ ਇਹੁ ਰਾਮ ਕੀ ਅੰਸੁ ।। (ਪੰਨਾ–੮੭੧)

ਕੰਚਨ ਕਾਇਆ ਨਿਰਮਲ ਹੰਸੁ ।।
ਜਿਸੁ ਮਹਿ ਨਾਮੁ ਨਿਰੰਜਨ ਅੰਸੁ ।। (ਪੰਨਾ–੧੨੫੬)

ਅਕਾਲ ਪੁਰਖ **'ਪ੍ਰੇਮ ਸਰੂਪ'** ਹੈ । ਇਸ ਲਈ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ **ਇਲਾਹੀ 'ਪ੍ਰੇਮ ਦੀ ਅੰਸ਼' ਪ੍ਰਵੇਸ਼ ਹੈ** ਅਤੇ ਸਾਰੇ 'ਜੀਵ' ਇਸੇ **'ਪ੍ਰੇਮ ਡੋਰੀ' ਵਿਚ ਪ੍ਰੋਤੇ ਹੋਏ ਹਨ ।** ਕਾਇਨਾਤ ਦਾ ਜ਼ੱਰਾ-ਜ਼ੱਰਾ, ਅਪਣੇ 'ਸੋਮੇ' — **ਅਕਾਲ ਪੁਰਖ ਵਲ, ਅਤੇ ਇਕ-ਦੂਜੇ ਵਲ ਇਸ ਪ੍ਰੇਮ-ਡੋਰੀ ਦੁਆਰਾ ਖਿੱਚੀਂਦਾ ਜਾ ਰਿਹਾ ਹੈ ।**

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ-੮੨੭)

ਇਸ ਗੁਪਤੀ ਇਲਾਹੀ **'ਪ੍ਰੇਮ ਖਿੱਚ'** (gravity) ਨੂੰ ਹੀ **'ਸੰਜੋਗ' ਕਿਹਾ ਜਾਂਦਾ ਹੈ** — ਜਿਸ ਨਾਲ ਜੀਵਾਂ ਦਾ ਆਪਸ ਵਿਚ **'ਮੇਲ-ਮਿਲਾਪ' ਯਾ 'ਸੰਗਤ' ਹੁੰਦੀ ਹੈ ।**

ਇਹ **'ਸੰਜੋਗ'** ਯਾ ਇਲਾਹੀ **'ਪ੍ਰੇਮ ਡੋਰੀ'** ਕੁਦਰਤੀ ਤੌਰ ਤੇ ਸਹਜ-ਸੁਭਾਇ ਸਾਡੇ ਅੰਤ੍-ਆਤਮੇ **ਇਕ-ਦੂਜੇ ਨੂੰ ਖਿੱਚ 'ਪਾਉਂਦੀ' ਅਤੇ ਖਿੱਚ 'ਖਾਂਦੀ' ਹੈ,** ਜਿਸ ਦੁਆਰਾ ਸਾਡਾ ਆਪਸ ਵਿਚ —

ਮੇਲ
ਸੰਗ
ਸੰਗਤ
ਸਤ ਸੰਗਤ
ਸਾਧ ਸੰਗਤ
ਲੇਵਾਦੇਵੀ

ਹੁੰਦੀ ਰਹਿੰਦੀ ਹੈ ।

ਐਸੀ **ਦੈਵੀ 'ਸਤ-ਸੰਗਤ'** ਦੁਆਰਾ ਅਸੀਂ ਅਨੇਕਾਂ **ਆਤਮਿਕ 'ਗੁਣਾਂ' ਦੀ** —

ਸਾਂਝ ਕਰਦੇ ਹਾਂ
ਵਣਜ ਕਰਦੇ ਹਾਂ
ਲੇਵਾ-ਦੇਵੀ ਕਰਦੇ ਹਾਂ
'ਅਸਰ' ਲੈਂਦੇ-ਦਿੰਦੇ ਹਾਂ
'ਛੋਹ' (infection) **ਲਗਦੀ ਹੈ**
'ਪ੍ਰੇਮ-ਪਿਆਲਾ' ਪੀਂਦੇ ਹਾਂ
ਸਾਕੀ ਹੋ ਕੇ ਪਿਲਾਉਂਦੇ ਹਾਂ
ਮਸਤ-ਮਤਵਾਲੇ ਹੁੰਦੇ ਹਾਂ
'ਬੈ-ਖਰੀਦ ਗੋਲੇ' ਬਣਦੇ ਹਾਂ
'ਆਪ ਗਵਾਇ ਸੇਵਾ' ਕਰਦੇ ਹਾਂ

ਇਹਨਾਂ ਅਮੋਲਕ **ਇਲਾਹੀ 'ਦਾਤਾਂ'** ਲਈ ਸਾਨੂੰ ਕੋਈ 'ਘਾਲਣਾ' ਯਾ ਜਫਰ ਜਾਲਣੇ ਨਹੀਂ ਪੈਂਦੇ । ਇਹ **ਆਤਮਿਕ 'ਖਜ਼ਾਨਾ'** ਸਾਨੂੰ **'ਆਤਮਿਕ ਪਿਤਾ' ਦੀ 'ਅੰਸ਼' ਹੋਣ ਦੇ ਨਾਤੇ 'ਵਿਰਾਸਤ' ਵਿਚ ਸਹਿਜ-ਸੁਭਾਇ ਪ੍ਰਦਾਨ ਹੁੰਦੇ ਹਨ ।**

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ (ਪੰਨਾ-੧੮੬)

ਇਸ **'ਨਾਮ' ਖਜ਼ਾਨੇ ਨੂੰ ਸੰਗੀਆਂ-ਸਾਥੀਆਂ ਨਾਲ ਸਾਧ ਸੰਗਤ ਅਥਵਾ 'ਸੰਤ ਮੰਡਲੀ' ਵਿਚ ਸਾਂਝਿਆਂ ਕਰਨ ਦਾ ਹੁਕਮ ਹੈ ।**

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥ (ਪੰਨਾ-੧੮੬)

ਜੋ ਹਰਿ ਦਸੇ ਮਿਤੁ ਤਿਸੁ ਹਉ ਬਲਿ ਜਾਈ ॥
ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥ (ਪੰਨਾ-੬੪੭)

ਜ਼ਰੂਰੀ ਗੱਲ ਇਹ ਹੈ ਕਿ ਇਹਨਾਂ **ਆਤਮਿਕ ਗੁਣਾਂ ਅਥਵਾ ਬਰਕਤਾਂ ਦੇ ਅਸੀਂ ਉਦੋਂ ਤਾਂਈ ਸਾਂਝੀਵਾਲ ਅਥਵਾ ਹੱਕਦਾਰ ਹੁੰਦੇ ਹਾਂ** ਜਦ ਤਾਂਈ, ਅਸੀਂ **ਅਕਾਲ ਪੁਰਖ ਦੇ 'ਵਾਰਸ' ਬਣੇ ਰਹਾਂਗੇ,** ਅਥਵਾ ਸਾਡਾ **ਆਤਮਿਕ 'ਸੰਜੋਗ' ਬਣਿਆ ਰਹੇ,** ਅਤੇ ਅਸੀਂ ਇਲਾਹੀ **'ਪ੍ਰੀਤ-ਡੋਰੀ' ਵਿਚ ਪ੍ਰੋਤੇ ਰਹੀਏ ।**

ਦੂਜੇ ਲਫ਼ਜ਼ਾਂ ਵਿਚ ਜਦ ਤਾਂਈ ਅਸੀਂ **ਇਲਾਹੀ 'ਹੁਕਮ' ਵਿਚ 'ਸੁਰ'** (in tune) **ਹੋਏ ਰਹਾਂਗੇ,** ਤਦ ਤਾਂਈ ਸਾਡਾ **ਆਤਮਿਕ 'ਸੰਜੋਗ' ਯਾ 'ਨਾਤਾ' ਬਣਿਆ ਰਹੇਗਾ ਅਤੇ ਅਸੀਂ ਇਲਾਹੀ ਵਿਰਾਸਤ ਦੇ ਹੱਕਦਾਰ ਬਣੇ ਰਹਾਂਗੇ ।**

ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥ (ਪੰਨਾ-੭੭੩)

ਜਦ ਸਾਡੇ ਮਨ ਉਤੇ **'ਮਾਇਆ-ਮੋਹਣੀ' ਦੀ 'ਕੁਸੰਗਤ'** ਦੁਆਰਾ ਕੂੜਾ ਰੰਗ ਚੜ੍ਹ ਜਾਂਦਾ ਹੈ ਤਾਂ **'ਹਉਮੈ' ਦੇ 'ਭਰਮ-ਭੁਲਾਵੇ' ਵਿਚ** ਸਾਡਾ **ਆਤਮਿਕ 'ਨਾਤਾ'** ਸਾਡੀ **ਚੇਤਨਤਾ ਵਿਚੋਂ ਮਿਟ ਜਾਂਦਾ ਹੈ,** ਤੇ ਅਸੀਂ ਆਪਣੀ **ਆਤਮਿਕ 'ਵਿਰਾਸਤ' ਨੂੰ 'ਭੁਲ' ਜਾਂਦੇ ਹਾਂ ।**

ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ (ਪੰਨਾ-੩੭੫)

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ
ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥ (ਪੰਨਾ-੪੩੫)

ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥ (ਪੰਨਾ-੪੮੬)

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ (ਪੰਨਾ-੭੧੦)

ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥ (ਪੰਨਾ-੯੨੧)

ਇਸ ਤਰ੍ਹਾਂ 'ਮੋਹ-ਮਾਇਆ' ਦੇ ਭਰਮ-ਭੁਲਾਵੇ ਵਿਚ ਆਪਣੇ **ਇਲਾਹੀ 'ਵਿਰਸੇ'** ਨੂੰ **'ਭੁਲਣਾ' ਹੀ 'ਵਿਜੋਗ' ਹੈ ।**

ਇਸ **'ਵਿਜੋਗ'** ਦੇ ਕਾਰਣ ਅਸੀਂ —

ਆਤਮਿਕ ਵਿਰਾਸਤ ਨੂੰ 'ਭੁਲ' ਜਾਂਦੇ ਹਾਂ
'ਮੋਹ-ਮਾਇਆ' ਵਿਚ 'ਫਸ' ਜਾਂਦੇ ਹਾਂ
ਪਰਮਾਤਮਾ **ਤੋਂ 'ਬੇਮੁਖ' ਹੋ ਜਾਂਦੇ ਹਾਂ**
'ਮੈਂ-ਮੇਰੀ' ਵਿਚ ਵਿਚਰਦੇ ਹਾਂ
ਪੰਚ ਬਿਖਾਦੀਆਂ ਦੀ 'ਕੁਸੰਗਤ' ਕਰਦੇ ਹਾਂ
ਮਾਇਆ ਵਿਚ 'ਗਲਤਾਨ' ਹੋ ਕੇ ਦੁਖੀ ਹੁੰਦੇ ਹਾਂ
ਹਉਮੈ ਵਿਚ 'ਕਰਮ-ਬੱਧ' ਹੁੰਦੇ ਹਾਂ
ਆਵਾਗਵਨ ਦੇ ਚੱਕਰ ਵਿਚ ਪੈਂਦੇ ਹਾਂ
ਜਮਾਂ ਦੇ ਵੱਸ ਪੈਂਦੇ ਹਾਂ ।

ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥ (ਪੰਨਾ-੬੦)

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (ਪੰਨਾ-੧੩੫)

ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥ (ਪੰਨਾ-੧੩੬)

ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥ (ਪੰਨਾ-੪੩੧)

ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥ (ਪੰਨਾ-੧੦੧੦)

ਜਦ ਤਾਂਈ ਸਾਡਾ ਮਨ ਅਕਾਲ ਪੁਰਖ ਦੀ **'ਪ੍ਰੀਤ ਡੋਰੀ' ਨਾਲ ਖਿੱਚਿਆ ਰਹਿੰਦਾ ਹੈ** ਤਦ ਤਾਂਈਂ ਅਸੀਂ —

ਇਲਾਹੀ ਵਿਰਾਸਤ ਦੇ ਹੱਕਦਾਰ ਹੁੰਦੇ ਹਾਂ
ਪਰਮਾਤਮਾ ਦੀ 'ਯਾਦ' ਵਿਚ ਹੁੰਦੇ ਹਾਂ

'ਸਤ ਸੰਗਤ' ਕਰਦੇ ਹਾਂ
'ਸਾਧ ਸੰਗਤ' ਕਰਦੇ ਹਾਂ
'ਗੁਰ ਸੰਗਤ' ਕਰਦੇ ਹਾਂ
ਆਤਮਿਕ 'ਰੰਗ' ਮਾਣਦੇ ਹਾਂ
ਆਤਮਿਕ 'ਰਸ' ਮਾਣਦੇ ਹਾਂ
ਆਤਮਿਕ ਗੁਣਾਂ ਦੀ 'ਲੇਵਾ-ਦੇਵੀ' ਕਰਦੇ ਹਾਂ
ਇਲਾਹੀ ਖਜ਼ਾਨੇ ਦੀ 'ਸਾਂਝ' ਕਰਦੇ ਹਾਂ
ਆਤਮਿਕ 'ਵਣਜ' ਕਰਦੇ ਹਾਂ
ਆਤਮਿਕ 'ਸੰਜੋਗ' ਮਾਣਦੇ ਹਾਂ ।

ਉਪਰਲੀ ਵਿਚਾਰ ਦਾ ਨਿਚੋੜ ਇਹ ਹੈ ਕਿ ਆਪਣੀ ਆਤਮਿਕ 'ਵਿਰਾਸਤ' ਅਥਵਾ ਅਕਾਲ ਪੁਰਖ ਨੂੰ **ਸਾਧ ਸੰਗਤ ਵਿਚ ਸਿਮਰਨ ਦੁਆਰਾ —**

'ਯਾਦ' ਕਰਨਾ ਹੀ **'ਸੰਜੋਗ' ਹੈ ।**

ਨਾਮੁ ਹਮਾਰੈ ਸਉਣ ਸੰਜੋਗ ॥ (ਪੰਨਾ-੧੧੪੫)

ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥ (ਪੰਨਾ-੧੨੫੮)

ਇਸ ਦੇ ਐਨ ਉਲਟ, ਮਾਇਆ ਦੀ 'ਕੁਸੰਗਤ' ਦੁਆਰਾ, ਹਉਮੈ ਦੇ ਭਰਮ-ਭੁਲਾਵੇ ਵਿਚ ਆਤਮਿਕ 'ਵਿਰਾਸਤ' ਨੂੰ —

'ਭੁਲ' ਜਾਣਾ ਹੀ 'ਵਿਜੋਗ' ਹੈ ।

ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥ (ਪੰਨਾ-੭੬੦)

ਦੂਜੇ ਲਫ਼ਜ਼ਾਂ ਵਿਚ 'ਵਿਜੋਗ' ਦੁਆਰਾ ਵਿਛੁੜਿਆ ਹੋਇਆ 'ਜੀਵ' ਆਤਮ ਰੰਗ ਵਾਲੀ 'ਸਤ ਸੰਗਤ' ਅਥਵਾ 'ਸਾਧ ਸੰਗਤ' ਦੇ **ਮੇਲ** ਦੁਆਰਾ ਹੀ, **ਮੁੜ ਅਕਾਲ ਪੁਰਖ ਨਾਲ 'ਸੰਜੋਗੀ ਮੇਲ' ਕਰ ਸਕਦਾ ਹੈ ।**

ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥
ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥ (ਪੰਨਾ-੮੧੭)

ਤਦੇ ਗੁਰਬਾਣੀ ਵਿਚ 'ਸਾਧ ਸੰਗਤ' ਕਰਨ ਦਾ ਤਾਕੀਦੀ ਹੁਕਮ ਹੈ —

ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ (ਪੰਨਾ-੪੯)

ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ-੧੯੬)

ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ।। (ਪੰਨਾ-੨੫੭)

'ਜੀਵ' – ਇਸ 'ਮਨ ਮੋਹਣੀ' ਮਾਇਆ ਦੀ 'ਕੁਸੰਗਤ' ਵਿਚ ਹਉਮੈ ਦੇ ਭਰਮ-ਭੁਲਾਵੇ ਅੰਦਰ ਪਲਚ-ਪਲਚ ਕੇ ਤ੍ਰਾਹ-ਤ੍ਰਾਹ ਕਰ ਰਹੇ ਹਨ ।

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ।।
ਪੁਤ੍ ਕਲਤ੍ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ।।
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ।। (ਪੰਨਾ-੧੩੩)

ਰਾਜ ਜੋਬਨ ਬਿਸਰੰਤ ਹਰਿ ਮਾਇਆ **ਮਹਾ ਦੁਖੁ ਏਹੁ ਮਹਾਂਤ ਕਹੈ ।।**
(ਪੰਨਾ-੬੮੩)

ਇਹ **ਮਾਇਆ-ਵੇੜ੍ਹੇ 'ਜੀਵ'** ਆਪਣੇ ਆਤਮਿਕ 'ਮਾਤਾ-ਪਿਤਾ' ਅਥਵਾ ਅਕਾਲ ਪੁਰਖ ਨੂੰ **ਭੁੱਲ ਕੇ** ਆਪਣੀ **ਇਲਾਹੀ ਵਿਰਾਸਤ ਤੋਂ ਵਾਂਝੇ ਰਹਿੰਦੇ ਹਨ** ਅਤੇ ਨਰਕ ਭੋਗਦੇ ਹਨ ।

ਮਨਮੁਖੁ ਰੋਗੀ ਹੈ ਸੰਸਾਰਾ ।।
ਸੁਖਦਾਤਾ ਵਿਸਰਿਆ ਅਗਮ ਅਪਾਰਾ ।। (ਪੰਨਾ-੧੧੮)

ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ।। (ਪੰਨਾ-੨੬੮)

ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ।। (ਪੰਨਾ-੩੨੨)

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ।।
(ਪੰਨਾ-੬੧੩)

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ।। (ਪੰਨਾ-੭੦੮)

ਜੇਕਰ ਜੀਵ, ਅਤਿ ਦੁਖੀ ਹੋ ਕੇ, ਰਬ ਵੱਲ ਮੂੰਹ ਮੋੜਦਾ ਭੀ ਹੈ ਤਾਂ ਉਹ ਅਖੌਤੀ ਸੰਗਤ ਦੇ ਅਸਰ ਹੇਠ **ਫੋਕੇ ਕਰਮ-ਕਾਂਡਾਂ ਵਿਚ ਹੀ ਫਸਿਆ ਰਹਿੰਦਾ ਹੈ,** ਅਤੇ ਆਪਣਾ ਅਮੋਲਕ ਜੀਵਨ **ਅਜਾਈਂ ਗੁਆ ਦਿੰਦਾ ਹੈ ।**

ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ।। (ਪੰਨਾ-੯੨੮)

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ।।
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ।। (ਪੰ.-੧੨੪੭)

ਕੂਰ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ।। (ਸਵੱਯੇ ਪਾ: ੧੦)

ਜੇਕਰ ਕੋਈ ਵਿਰਲਾ 'ਜੀਵ', ਆਪਣੇ ਨਰਕਮਈ ਦੁਖੀ ਜੀਵਨ ਤੋਂ ਤੰਗ ਆ ਕੇ, ਤ੍ਰਾਹ-ਤ੍ਰਾਹ ਕਰਕੇ, ਸਤਿਗੁਰੂ ਦੀ ਸ਼ਰਣ ਆਵੇ, ਤਾਂ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਉਸਨੂੰ ਸੱਚੀ-ਸੁੱਚੀ ਆਤਮਿਕ ਜੀਵਨ ਵਾਲੀ 'ਸਤ ਸੰਗਤ'-'ਸਾਧ ਸੰਗਤ' ਅਥਵਾ 'ਸੰਤ ਮੰਡਲੀ' ਦੀ **'ਸੰਗਤ' ਪ੍ਰਾਪਤ ਹੁੰਦੀ ਹੈ ।**

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-੭੧)

ਕਿਰਪਾ ਨਿਧਿ ਕਿਰਪਾਲ ਧਿਆਵਉ ॥
ਸਾਧਸੰਗਿ ਤਾ ਬੈਠਣੁ ਪਾਵਉ ॥ (ਪੰਨਾ-੧੮੩)

ਕਹੁ ਨਾਨਕ ਜਾ ਕਉ ਭਏ ਦਇਆਲਾ ॥
ਸਾਧ ਸੰਗਿ ਮਿਲਿ ਭਜਹਿ ਗੁੋਪਾਲਾ ॥ (ਪੰਨਾ-੧੯੦)

ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥
ਨਾਮੁ ਨਾਨਕ ਸਾਧੂ ਸੰਗਿ ਮਿਲੈ ॥ (ਪੰਨਾ-੨੧੧)

ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥ (ਪੰਨਾ-੨੩੯)

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ (ਪੰਨਾ-੨੯੩)

ਭਏ ਕ੍ਰਿਪਾਲ ਗੁਪਾਲ ਗੋਬਿੰਦ ॥
ਸਾਧਸੰਗਿ ਨਾਨਕ ਬਖਸਿੰਦ ॥ (ਪੰਨਾ-੩੯੧)

ਜਿੰਨਾਂ ਚਿਰ 'ਜੀਵ' ਨੂੰ ਐਸੀ **ਆਤਮਿਕ ਰੰਗ-ਰਸ ਵਾਲੀ ਅਥਵਾ 'ਪ੍ਰੇਮਾ ਭਗਤੀ' ਵਾਲੀ 'ਸਾਧ ਸੰਗਤ' ਨਹੀਂ ਮਿਲਦੀ** — ਉਨ੍ਹਾਂ ਚਿਰ ਉਹ **ਮੋਹ-ਮਾਇਆ ਦੇ ਚਲਿਤ੍ਰ ਵਿਚੋਂ ਨਹੀਂ ਨਿਕਲ ਸਕਦਾ ਅਤੇ ਨਾ ਹੀ ਉਸ ਨੂੰ ਆਤਮਿਕ ਮੰਡਲ ਅਥਵਾ ਅਪਣੀ ਆਤਮਿਕ ਵਿਰਾਸਤ ਦੀ ਸੋਝੀ ਆ ਸਕਦੀ ਹੈ, ਤੇ ਨਾ ਹੀ 'ਆਤਮਿਕ-ਰਸ'** ਦਾ ਲਾਹਾ ਲੈ ਸਕਦਾ ਹੈ ।

ਸਾਧਸੰਗਤਿ ਭਗਵਾਨ ਭਜਨ ਬਿਨੁ
ਕਹੀ ਨ ਸਚੁ ਰਹਿਓ ॥ (ਪੰਨਾ-੩੩੬)

ਖੋਜਤ ਖੋਜਤ ਸੁਨੀ ਇਹ ਸੋਇ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-੩੭੩)

ਬਿਨੁ ਸੰਗਤੀ ਸਭਿ ਐਸੇ ਰਹਹਿ **ਜੈਸੇ ਪਸੁ ਢੋਰ ॥** (ਪੰਨਾ-੪੨੭)

ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ (ਪੰਨਾ-੧੧੬੯)

ਪੂਜਾਚਾਰ ਕਰਤ ਮੇਲੰਗਾ ।। ਚਕ੍ ਕਰਮ ਤਿਲਕ ਖਾਟੰਗਾ ।।
ਦਰਸਨੁ ਭੇਟੇ ਬਿਨੁ ਸਤਸੰਗਾ ।। (ਪੰਨਾ-੧੩੦੫)

ਜਦ ਤਾਂਈ ਅਸੀਂ ਚਾਨਣ ਵਿਚ ਰਹਿ ਕੇ **ਰੋਸ਼ਨੀ ਦੀ 'ਸੰਗਤ' ਕਰਦੇ ਹਾਂ ਤਾਂ ਰੋਸ਼ਨੀ ਦੀਆਂ ਬੇਅੰਤ 'ਬਰਕਤਾਂ' ਤੋਂ ਲਾਹਾ ਲੈਂਦੇ ਹਾਂ ।**

ਪਰ ਜਦ ਅਸੀਂ **ਰੋਸ਼ਨੀ ਤੋਂ ਓਹਲੇ ਹੋ ਜਾਂਦੇ** ਹਾਂ ਯਾ **'ਪਿੱਠ'** ਦੇ ਦਿੰਦੇ ਹਾਂ ਤਾਂ ਅਸੀਂ **'ਹਨੇਰੇ' ਦੀ 'ਕੁਸੰਗਤ' ਕਰਦੇ ਹਾਂ ਅਤੇ ਹਨੇਰੇ ਵਿਚੋਂ ਉਪਜੇ ਸਾਰੇ ਦੁਖ-ਕਲੇਸ਼ ਭੋਗਦੇ ਹਾਂ ।**

ਇਸੇ ਤਰ੍ਹਾਂ ਜਦ ਤਾਂਈ ਸਾਡਾ ਮਨ ਅਕਾਲ ਪੁਰਖ ਦੇ ਸਿਮਰਨ ਦੁਆਰਾ **'ਯਾਦ' ਵਿਚ ਰਹਿੰਦਾ ਹੈ** ਤਾਂ ਅਸੀਂ **ਅਨੁਭਵੀ ਗਿਆਨ ਦੀ ਰੋਸ਼ਨੀ** ਅਥਵਾ **'ਨਾਮ' ਦੀ ਸੰਗਤ ਦੁਆਰਾ ਬੇਅੰਤ 'ਆਤਮਿਕ ਬਰਕਤਾਂ' ਦਾ ਲਾਹਾ ਲੈਂਦੇ ਤੇ ਸੁਖ ਮਾਣਦੇ ਹਾਂ।**

ਦੂਜੇ ਪਾਸੇ, ਜਦ ਸਾਡਾ ਮਨ ਪਰਮੇਸ਼ਰ ਨੂੰ **'ਭੁੱਲ' ਜਾਂਦਾ ਹੈ** ਤਾਂ ਅਸੀਂ ਅਕਾਲ ਪੁਰਖ ਤੋਂ ਬੇਮੁਖ ਹੋ ਕੇ **'ਮਾਇਆ' ਦੇ ਹਨੇਰ ਵਿਚ ਵਿਚਰਦੇ ਹਾਂ** ਅਥਵਾ **ਮਾਇਆ ਦੇ ਅਨੇਕਾਂ ਦੂਤਾਂ ਨਾਲ 'ਕੁਸੰਗਤ' ਕਰਦੇ ਹਾਂ** ਤੇ ਮੋਹ-ਮਾਇਆ ਵਿਚ ਪਲਚ-ਪਲਚ ਕੇ ਦੁਖ ਭੋਗਦੇ ਹਾਂ ।

ਪਰਮੇਸਰ ਤੇ ਭੂਲਿਆਂ ਵਿਆਪਨਿ ਸਭੇ ਰੋਗ ।। (ਪੰਨਾ-੧੩੫)

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ।।
(ਪੰਨਾ-੩੮੩)

ਸਰਬ ਦੂਖ ਜਬ ਬਿਸਰਹਿ ਸੁਆਮੀ ।। (ਪੰਨਾ-੩੯੪)

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ।। (ਪੰਨਾ-੫੨੨)

ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ।। (ਪੰਨਾ-੯੬੪)

ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ।।
ਮਾਇਆ ਮੋਹੁ ਸਭੁ ਰੋਗੁ ਕਮਾਇਆ ।। (ਪੰਨਾ-੧੦੬੪)

ਦੂਜੇ ਲਫ਼ਜ਼ਾਂ ਵਿਚ, **ਅਕਾਲ ਪੁਰਖ ਨੂੰ 'ਵਿਸਾਰਨ' ਯਾ 'ਬੇਮੁਖ' ਹੋਣ ਨਾਲ ਹੀ ਅਸੀਂ ਮਾਇਕੀ ਭਰਮ-ਭੁਲਾਵੇ ਦੇ ਮਿੱਠੇ ਮੋਹ ਵਿਚ ਹੀ ਫਸ ਜਾਂਦੇ ਹਾਂ ਅਤੇ 'ਕੁਸੰਗਤ' ਦੁਆਰਾ ਕਰਮ ਕਰਦੇ ਤੇ ਨਤੀਜੇ ਭੁਗਤਦੇ ਹਾਂ ।**

ਇਸੇ ਲਈ ਆਤਮਿਕ ਜੀਵਨ ਵਾਲੀ **'ਸਤ ਸੰਗਤ'** ਅਥਵਾ **'ਸਾਧ ਸੰਗਤ' ਤੋਂ ਬਿਨਾਂ ਜੀਵ ਦੀ ਤਰਸਯੋਗ ਹਾਲਤ ਹੁੰਦੀ ਹੈ,** ਜਿਸ ਨੂੰ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਗਿਆ ਹੈ —

ਸੰਤਾ ਸੇਤੀ ਰੰਗੁ ਨ ਲਾਏ ॥
ਸਾਕਤ ਸੰਗਿ ਵਿਕਰਮ ਕਮਾਏ ॥
ਦੁਲਭ ਦੇਹ ਖੋਈ ਅਗਿਆਨੀ
ਜੜ ਅਪੁਣੀ ਆਪਿ ਉਪਾੜੀ ਜੀਉ ॥ (ਪੰਨਾ-੧੦੫)

ਮਿਰਤਕ ਦੇਹ ਸਾਧਸੰਗ ਬਿਹੂਨਾ ॥
ਆਵਤ ਜਾਤ ਜੋਨੀ ਦੁਖ ਖੀਨਾ ॥ (ਪੰਨਾ-੧੯੦)

ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ (ਪੰਨਾ-੪੦੫)

ਮੋਹ ਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ ॥
ਟਿਕਨੁ ਨ ਪਾਵੈ ਬਿਨੁ ਸਤਸੰਗਤਿ
ਕਿਸੁ ਆਗੈ ਜਾਇ ਰੂਆਈਐ ॥ (ਪੰਨਾ-੫੩੨)

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ-੬੯੪)

ਇਸੇ ਲਈ ਐਸੀ **ਆਤਮ ਰੰਗ-ਰਸ ਵਾਲੀ 'ਸਤ ਸੰਗਤ' ਲਈ** ਗੁਰਬਾਣੀ ਵਿਚ ਸਾਨੂੰ ਇਉਂ ਜਾਚਨਾ ਕਰਨੀ ਸਿਖਾਈ ਹੈ —

ਸਾਧਸੰਗਿ ਪ੍ਰਭ ਦੇਹੁ ਨਿਵਾਸ ॥ (ਪੰਨਾ-੨੯੦)

ਹਰਿ ਜੀਉ ਆਗੈ ਕਰੀ ਅਰਦਾਸਿ ॥
ਸਾਧੂ ਜਨ ਸੰਗਤਿ ਹੋਇ ਨਿਵਾਸੁ ॥ (ਪੰਨਾ-੪੧੫)

ਭਾਈ ਰੇ ਮੋਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥ (ਪੰ.-੪੯੪)

ਹਰਿ ਹਰਿ ਸੰਤ ਮਿਲਹੁ ਮੇਰੇ ਭਾਈ
ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥ (ਪੰਨਾ-੬੫੦)

ਹਮ ਊਪਰਿ ਕਿਰਪਾ ਕਰਿ ਸੁਆਮੀ
ਰਖੁ ਸੰਗਤਿ ਤੁਮ ਜੁ ਪਿਆਰੀ ॥ (ਪੰਨਾ-੬੬੬)

ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ
ਹਮ ਸਾਧ ਜਨਾ ਪਗ ਰਾਲੀ ॥ (ਪੰਨਾ-੬੬੮)

ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥ (ਪੰ.-੬੯੮)

ਕਹੁ ਨਾਨਕ ਪ੍ਰਭ ਬਖਸ ਕਰੀਜੈ ॥
ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥ (ਪੰਨਾ-੭੩੮)

ਨਾਨਕ ਕੀ ਪ੍ਰਭ ਬੇਨਤੀ ਸਾਧ ਸੰਗਿ ਸਮਾਉ ॥ (ਪੰਨਾ-੭੪੫)

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
ਸਾਧਸੰਗਤਿ ਕੈ ਅੰਚਲਿ ਲਾਵਹੁ ॥ (ਪੰਨਾ-੮੦੧)

ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ
ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥ (ਪੰਨਾ-੧੦੩੨)

ਐਸੀ ਮਾਂਗੁ ਗੋਬਿਦ ਤੇ ॥
ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥
(ਪੰਨਾ-੧੨੯੮)

ਗੁਰਬਾਣੀ ਵਿਚ ਐਸੀ ਆਤਮਿਕ 'ਸਤਸੰਗਤ' ਅਥਵਾ **'ਸਾਧ ਸੰਗਤ' ਦੇ ਗੁਣ 'ਬਹੁਤ ਅਧਿਕਾਈ'** ਦਸੇ ਗਏ ਹਨ — ਜਿਨ੍ਹਾਂ ਵਿਚੋਂ ਕੁਝ ਕੁ ਸੰਖੇਪ ਗੁਣਾਂ ਨੂੰ ਹੇਠਾਂ ਦਰਸਾਇਆ ਜਾ ਰਿਹਾ ਹੈ —

'ਸਾਧ ਸੰਗਤ' ਦੁਆਰਾ **ਹਰੀ** ਅਤੇ **ਪ੍ਰਭੂ ਨਾਮ 'ਮਿਠਾ'** ਲਗਦਾ ਹੈ —

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ (ਪੰਨਾ-੨੭੨)

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ-੨੯੩)

ਸਾਧਸੰਗਿ ਮਨ ਸੋਵਤ ਜਾਗੇ ॥
ਤਬ ਪ੍ਰਭ ਨਾਨਕ ਮੀਠੇ ਲਾਗੇ ॥ (ਪੰਨਾ-੩੮੬)

ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥ (ਪੰਨਾ-੪੯੪)

ਸੰਤ ਜਨਾ ਮਿਲਿ ਹਰਿ ਰਸੁ ਪਾਇਆ
ਹਰਿ ਮਨਿ ਤਨਿ ਮੀਠ ਲਗਾਨੀ ॥ (ਪੰਨਾ-੧੧੯੯)

ਸਾਧ ਸੰਗਤ ਦੁਆਰਾ **'ਹਰਿ ਰਸ'** ਪ੍ਰਾਪਤ ਹੁੰਦਾ ਹੈ —

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ॥ (ਪੰਨਾ-੧੦)

ਵਡਭਾਗੀ ਹਰਿ ਸੰਤੁ ਮਿਲਾਇਆ ॥
ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥ (ਪੰਨਾ-੯੫)

ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥ (ਪੰਨਾ-੩੭੪)

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥ (ਪੰਨਾ-੪੪੬)

ਕਹੁ ਨਾਨਕ ਕਿਰਪਾ ਕਰੀ ਠਾਕੁਰ **ਮਿਲਿ ਸਾਧੂ ਰਸ ਭੁੰਚਾ ॥** (ਪੰਨਾ-੫੩੪)

ਸਾਧਸੰਗਤਿ ਮਹਿ ਹਰਿ ਰਸੁ ਪਾਈਐ
ਗੁਰਿ ਮਿਲਿਐ ਜਮ ਭਉ ਭਾਗਾ ॥ (ਪੰਨਾ-੫੯੮)

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ (ਪੰ.-੬੯੦)

ਸੰਗਤਿ ਸੰਤ ਮਿਲਹੁ ਸਤਸੰਗਤਿ
ਮਿਲਿ ਸੰਗਤਿ ਹਰਿ ਰਸੁ ਆਵੈਗੋ ॥ (ਪੰਨਾ-੧੩੦੯)

ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ ਕਢੀਜੈ ॥
(ਪੰਨਾ-੧੩੨੬)

'ਸਤਸੰਗਤ' ਵਿਚ ਹੀ **ਨਾਮ-ਸਿਮਰਨ ਦੀ ਕਮਾਈ** ਹੁੰਦੀ ਹੈ —

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ-੧੨)

ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥ (ਪੰਨਾ-੨੬)

ਸਾਧਸੰਗਿ ਜਪਿਓ ਭਗਵੰਤੁ ॥ (ਪੰਨਾ-੧੮੩)

ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥
(ਪੰਨਾ-੨੩੪)

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ (ਪੰਨਾ-੨੬੨)

ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥ (ਪੰਨਾ-੨੬੫)

ਸਾਧਸੰਗਿ ਜਪਿਓ ਹਰਿ ਰਾਇ ॥ (ਪੰਨਾ-੩੯੦)

ਨਾਨਕ ਜਪੀਐ ਮਿਲਿ ਸਾਧਸੰਗਤਿ
ਹਰਿ ਬਿਨੁ ਅਵਰੁ ਨ ਹੋਰੁ ॥ (ਪੰਨਾ-੪੦੫)

ਗੁਨ ਗੋਬਿੰਦ ਨਿਤ ਗਾਈਐ ॥
ਸਾਧਸੰਗਿ ਮਿਲਿ ਧਿਆਈਐ ॥ (ਪੰਨਾ-੬੨੪)

ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ
ਲਗਿ ਸੰਗਤਿ ਸਾਧ ਜਨਾ ਕੀ ॥ (ਪੰਨਾ-੬੬੮)

ਮਨਿ ਜਪੀਐ ਹਰਿ ਜਗਦੀਸ ॥
ਮਿਲਿ ਸੰਗਤਿ ਸਾਧੂ ਮੀਤ ॥ (ਪੰਨਾ-੬੬੯)

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ ॥ (ਪੰਨਾ-੭੧੭)

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥ (ਪੰਨਾ-੮੧੭)

ਸਾਧ ਸੰਗਤਿ ਗੁਰ ਸਬਦੁ ਕਮਾਈ । (ਵਾ. ਭਾ. ਗੁ. ੧੬/੧)

ਸਾਧ ਸੰਗਤ ਦੁਆਰਾ ਪ੍ਰਭੂ ਦਾ ਨਾਮ ਹਿਰਦੇ ਵਿਚ ਵਸਦਾ ਹੈ —

ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ (ਪੰਨਾ-੫੧)

ਮਿਲਿ ਸੰਗਤਿ ਮਨਿ ਨਾਮੁ ਵਸਾਈ ॥ (ਪੰਨਾ-੯੫)

ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥ (ਪੰਨਾ-੬੪੩)

ਸੰਤ ਮੰਡਲ ਮਹਿ ਹਰਿ ਮਨਿ ਵਸੈ ॥ (ਪੰਨਾ-੧੧੪੬)

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥ (ਪੰ.-੧੪੧੭)

ਸਾਧ ਸੰਗਤਿ ਗੁਰੁ ਸਬਦੁ ਵਸਾਇਆ । (ਵਾ. ਭਾ. ਗੁ. ੭/੧੧)

ਸਾਧ ਸੰਗਤਿ ਦੁਆਰਾ ਹੀ ਮਨ ਦੀ ਮੈਲ ਮਿਟਦੀ ਅਥਵਾ ਕਟਦੀ ਹੈ ਅਤੇ ਮਨ ਨਿਰਮਲ ਹੁੰਦਾ ਹੈ —

ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥ (ਪੰਨਾ-੪੮)

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ
ਮਿਲਿ ਸੰਗਤੀ ਮਲੁ ਲਹਿ ਜਾਇ ॥ (ਪੰਨਾ-੨੩੪)

ਸਾਧਸੰਗਿ ਮਲੁ ਸਗਲੀ ਖੋਤ ॥ (ਪੰਨਾ-੨੭੧)

ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ (ਪੰਨਾ-੨੯੭)

ਮਨ ਕੀ ਕਟੀਐ ਮੈਲੁ ਸਾਧਸੰਗਿ ਢੁਠਿਆ ॥ (ਪੰਨਾ-੫੨੦)

ਸਾਧਸੰਗਿ ਮਲੁ ਲਾਥੀ ॥
ਪਾਰਬ੍ਰਹਮੁ ਭਇਓ ਸਾਥੀ ॥ (ਪੰਨਾ-੬੨੫)

ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥ (ਪੰਨਾ-੭੪੭)

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ (ਪੰਨਾ-੧੩੦੯)

ਸਾਧ ਸੰਗਤਿ ਦੁਆਰਾ ਮਨ ਟਿਕਦਾ ਹੈ ਅਤੇ ਵੱਸ ਵਿਚ ਆਉਂਦਾ ਹੈ —

ਸਾਧ ਕੈ ਸੰਗਿ ਨ ਕਤਹੂੰ ਧਾਵੈ ॥
ਸਾਧਸੰਗਿ ਅਸਥਿਤਿ ਮਨੁ ਪਾਵੈ ॥ (ਪੰਨਾ-੨੭੧)

ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥ (ਪੰਨਾ-੨੫੭)

ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥
(ਪੰਨਾ-੬੯੮)

ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥ (ਪੰ.-੮੧੮)

ਜਾ ਕਉ ਕ੍ਰਿਪਾ ਕਰੀ ਜਗਦੀਸੁਰਿ ਤਿਨਿ ਸਾਧਸੰਗਿ ਮਨੁ ਜਿਤਾ ॥ (ਪੰ.-੧੧੧੭)

ਸਾਧ ਸੰਗਤ ਦੁਆਰਾ 'ਭੈ-ਭਰਮ' ਭੀ ਮਿਟਦਾ ਹੈ —

ਸਾਧਸੰਗਿ ਭੈ ਭਰਮ ਮਿਟਾਇਆ ॥ (ਪੰਨਾ-੧੯੩)

ਸਾਧਸੰਗਿ ਕਛੁ ਭਉ ਨ ਭਰਾਤੀ ॥ (ਪੰਨਾ-੧੯੪)

ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥ (ਪੰਨਾ-੨੯੬)

ਸਾਧਸੰਗਿ ਮਿਟੇ ਭਰਮ ਅੰਧਾਰੇ ॥ (ਪੰਨਾ-੩੮੯)

ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥ (ਪੰਨਾ-੮੧੦)

ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ ॥ (ਪੰ.-੧੦੮੫)

ਸਾਧ ਸੰਗਤ ਦੁਆਰਾ ਹੀ 'ਆਤਮ-ਪ੍ਰੀਤ' ਲਗਦੀ ਹੈ —

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ (ਪੰਨਾ-੩੮੪)

ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥ (ਪੰ.-੫੨੧)

ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ (ਪੰਨਾ-੫੮੬)

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ (ਪੰਨਾ-੭੫੬)

ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਵੀਆ ॥ (ਪੰ.-੮੪੬)

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮਲੇ ॥ (ਪੰ.-੯੭੫)

ਸੰਤ ਸੰਗਿ ਹੋਇ ਏਕ ਪਰੀਤਿ ॥ (ਪੰਨਾ-੧੧੪੬)

'ਅੰਮ੍ਰਿਤ' ਦੀ ਪ੍ਰਾਪਤੀ ਭੀ 'ਸਾਧਸੰਗਤ' ਦੁਆਰਾ ਹੀ ਹੁੰਦੀ ਹੈ —

ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥ (ਪੰਨਾ-੯੧)

ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ (ਪੰਨਾ-੧੭੩)

ਸਾਧਸੰਗਿ ਅੰਮ੍ਰਿਤੁ ਰਸੁ ਭੁੰਚਾ ॥ (ਪੰਨਾ-੨੭੧)

ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥ (ਪੰਨਾ-੨੯੯)

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ (ਪੰਨਾ-੩੧੮)

ਸਾਧਸੰਗਿ ਹਰਿ ਅੰਮ੍ਰਿਤੁ ਪੀਜੈ ॥ (ਪੰਨਾ-੫੬੩)

ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥ (ਪੰਨਾ-੬੯੧)

ਸਾਧ ਸੰਗਤ ਦੁਆਰਾ ਪਾਪਾਂ ਤੋਂ ਛੁਟਕਾਰਾ ਹੁੰਦਾ ਹੈ —

ਸਾਧੂ ਕੈ ਸੰਗਿ ਪਾਪ ਪਲਾਇਨ ॥ (ਪੰਨਾ-੨੭੧)

ਸਾਧਸੰਗਿ ਪਾਪਾ ਮਲੁ ਖੋਵੈ ॥ (ਪੰਨਾ-੨੭੪)

ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥ (ਪੰਨਾ-੬੫੨)

ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥
(ਪੰਨਾ-੬੬੬)

ਸੰਤ ਮੰਡਲ ਮਹਿ ਪਾਪ ਬਿਨਾਸਨੁ ॥ (ਪੰਨਾ-੧੧੪੬)

'ਸਾਧ ਸੰਗਤ' ਦੁਆਰਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਥਵਾ 'ਪੰਜੇ ਦੂਤ' ਵਸ ਵਿਚ ਹੁੰਦੇ ਹਨ —

ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ (ਪੰਨਾ-੨੭੧)

ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ (ਪੰਨਾ-੩੧੮)

ਸਾਧੂ ਸੰਗਤਿ ਦੀਓ ਰਲਾਇ ॥
ਪੰਚ ਦੂਤਿ ਤੇ ਲੀਓ ਛਡਾਇ ॥ (ਪੰਨਾ-੩੩੧)

ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥ (ਪੰਨਾ-੬੭੫)

ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ (ਪੰਨਾ-੮੧੦)

ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਦਾਰਨਾ ॥ (ਪੰਨਾ-੯੧੫)

ਸਾਧ ਸੰਗਤ ਦੁਆਰਾ 'ਦੂਜਾ ਭਾਉ' ਭੀ ਨਾਸ ਹੁੰਦਾ ਹੈ —

ਚਾਰ ਬਿਚਾਰ ਬਿਨਸਿਓ ਸਭ ਦੂਆ ॥
ਸਾਧ ਸੰਗਿ ਮਨੁ ਨਿਰਮਲ ਹੂਆ ॥ (ਪੰਨਾ-੨੫੪)

ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥ (ਪੰਨਾ-੨੯੬)

ਸਾਧ ਸੰਗਤ ਵਿਚ ਵਿਚਰਦਿਆਂ ਹੀ ਜਮਾਂ ਦੀ ਕਾਣ ਮਿਟਦੀ ਹੈ —

ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥ (ਪੰਨਾ-੧੦੮)

ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥ (ਪੰਨਾ-੪੫੬)

ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ
ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥ (ਪੰਨਾ-੬੭੮)

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ (ਪੰ.-੭੪੮)

ਸਾਧਸੰਗਿ ਜਮਦੂਤ ਨ ਭੇਟਨ ॥ (ਪੰਨਾ-੭੬੦)

ਜਮਦੂਤੁ ਤਿਸੁ ਨਿਕਟਿ ਨ ਆਵੈ ॥
ਸਾਧਸੰਗਿ ਹਰਿ ਕੀਰਤਨੁ ਗਾਵੈ ॥ (ਪੰਨਾ-੧੦੭੯)

ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥ (ਪੰਨਾ-੧੧੪੬)

ਸਾਧ ਸੰਗਤ ਦੁਆਰਾ ਦੀ 'ਦੁਰਮਤ' ਨਾਸ ਹੁੰਦੀ ਹੈ ਅਤੇ ਬਿਬੇਕ ਬੁੱਧੀ ਪ੍ਰਦਾਨ ਹੁੰਦੀ ਹੈ —

ਸਾਧਸੰਗਤਿ ਮਿਲਿ ਬੁਧਿ ਬਿਬੇਕ ॥ (ਪੰਨਾ-੩੭੭)

ਕਵਲ ਪ੍ਰਗਾਸ ਭਏ ਸਾਧਸੰਗੇ ਦੁਰਮਤਿ ਬੁਧਿ ਤਿਆਗੀ ॥ (ਪੰਨਾ-੫੦੩)

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥ (ਪੰ.-੬੧੮)

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥ (ਪੰ.-੬੩੩)

ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥
(ਪੰਨਾ-੮੮੦-੮੧)

ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜ੍ਹੀ **ਸਭ ਦੁਰਮਤਿ ਮੈਲੁ ਗਵਾਈ ॥**
(ਪੰਨਾ-੧੨੬੩)

ਸਾਧ ਸੰਗਤ ਦੁਆਰਾ ਹੀ 'ਪ੍ਰਭੂ-ਮਾਰਗ' ਦੀ ਸੋਝੀ ਹੁੰਦੀ ਹੈ –

ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥ (ਪੰਨਾ-੧੧੨੨)

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤ
ਮੋਹਿ ਮਾਰਗੁ ਦਿਖਲਾਵੈ ॥ (ਪੰਨਾ-੧੨੦੧)

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥ (ਪੰਨਾ-੧੩੭੧)

ਚਲਦਾ.....

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

Website : www.brahmbungadodra.org
E-mail : info@brahmbungadodra.org

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

❖ **ਸ਼ਾਖਾ** ❖

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

❖ **ਪ੍ਰਕਾਸ਼ਕ** ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.HarjitPrintingPress.com S.C.F. 83, Phase 5, SAS Nagar (Mohali). Phones : +91-172-2226297, 5098297